



ਗੜ੍ਹਸ਼ੰਕਰ ਵਿਖੇ ਟ੍ਰੈਫਿਕ ਜਾਮ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਚੌਂਕ ਅਤੇ ਬੰਗਾ ਚੌਂਕ 'ਚ ਖੜ੍ਹੇ ਨਜ਼ਰ ਆ ਰਹੇ ਟਿੱਪਰ। ਤਸਵੀਰਾਂ : ਧਾਲੀਵਾਲ

# ਪਾਬੰਦੀ ਦੇ ਬਾਵਜੂਦ ਗੜ੍ਹਸ਼ੰਕਰ ਸ਼ਹਿਰ 'ਚ ਦਿਨ ਵੇਲੇ ਚੱਲ ਰਹੇ ਓਵਰਲੋਡਿੰਗ ਟਿੱਪਰਾਂ ਅੱਗੇ ਪੁਲਿਸ ਬੇਵੱਸ

ਗੜ੍ਹਸ਼ੰਕਰ, 27 ਨਵੰਬਰ (ਧਾਲੀਵਾਲ)- ਗੜ੍ਹਸ਼ੰਕਰ ਸ਼ਹਿਰ 'ਚ ਟ੍ਰੈਫਿਕ ਦੀ ਸਮੱਸਿਆ ਦਿਨੋਂ ਦਿਨ ਗੰਭੀਰ ਬਣਦੀ ਜਾ ਰਹੀ ਹੈ ਤੇ ਇਸ ਟ੍ਰੈਫਿਕ 'ਚ ਹੋਰ ਵਾਧਾ ਕਰਨ ਲਈ ਦਿਨ ਵੇਲੇ ਚੱਲਣ ਵਾਲੇ ਟਿੱਪਰਾਂ ਵਲੋਂ ਕੋਈ ਕਸਰ ਨਹੀਂ ਛੱਡੀ ਜਾ ਰਹੀ। ਪੁਲਿਸ ਵਲੋਂ ਦਿਨ ਵੇਲੇ ਸ਼ਹਿਰ ਵਿਚੋਂ ਟਿੱਪਰਾਂ ਦੇ ਲੰਘਣ 'ਤੇ ਪਾਬੰਦੀ ਲਗਾਈ ਹੋਈ ਹੈ ਤੇ ਰਾਤ ਨੂੰ 9 ਵਜੇ ਤੋਂ ਸਵੇਰੇ 7 ਵਜੇ ਤੱਕ ਹੀ ਟਿੱਪਰਾਂ ਦੇ ਚੱਲਣ ਦਾ ਸਮਾਂ ਤੈਅ ਕੀਤਾ ਹੋਇਆ ਹੈ। ਇਸ ਪਾਬੰਦੀ ਦੇ ਬਾਵਜੂਦ ਪਿਛਲੇ ਕੁਝ ਦਿਨਾਂ ਤੋਂ ਸ਼ਹਿਰ ਵਿਚੋਂ ਖਾਲੀ ਅਤੇ ਰੇਤ, ਬਜ਼ਰੀ ਨਾਲ ਭਰੇ ਹੋਏ ਟਿੱਪਰ ਦਿਨ ਵੇਲੇ ਬਾਦਸਤੂਰ ਜਾਰੀ ਹਨ ਤੇ ਇਹ ਪ੍ਰਤੱਖ ਦੇਣ ਨੂੰ ਮਿਲ ਰਿਹਾ ਹੈ ਕਿ ਇਨ੍ਹਾਂ ਟਿੱਪਰਾਂ ਦੇ ਪਾਬੰਦੀ ਦੇ ਬਾਵਜੂਦ ਚੱਲਣ ਸਮੇਂ ਪੁਲਿਸ ਇਨ੍ਹਾਂ ਨੂੰ ਰੋਕਣ ਲਈ ਬੇਵੱਸ ਨਜ਼ਰ ਆ ਰਹੀ ਹੈ। ਸ਼ਹਿਰ 'ਚ ਟ੍ਰੈਫਿਕ ਨੂੰ ਲੈ ਕੇ ਹਾਲਾਤ ਐਨੇ ਬਦਤਰ ਹੋਏ ਪਏ ਹਨ ਕਿ ਲੋਕਾਂ ਨੂੰ ਸ਼ਹਿਰ ਵਿਚੋਂ ਲੰਘਣ ਸਮੇਂ ਕਈ ਵਾਰ ਘੱਟਿਆਂਬੱਧੀ ਸਮਾਂ ਵੀ ਲੱਗ ਜਾਂਦਾ ਹੈ ਅਜਿਹੇ ਹਾਲਾਤਾਂ ਦੇ ਬਾਵਜੂਦ ਪ੍ਰਸ਼ਾਸਨ ਇਸ ਟ੍ਰੈਫਿਕ ਸਮੱਸਿਆ ਦੇ ਨਿਪਟਾਰੇ ਲਈ ਸੁਹਿਰਦ ਨਹੀਂ ਜਾਪ ਰਿਹਾ। ਅੱਜ ਦਿਨ ਭਰ ਜਿਥੇ ਪਹਿਲਾ ਹੀ ਟ੍ਰੈਫਿਕ ਦੀ ਸਮੱਸਿਆ ਬਰਕਰਾਰ ਰਹਿਣ ਨਾਲ ਲੋਕਾਂ ਨੇ ਜਿਥੇ ਭਾਰੀ ਮੁਸ਼ਕਿਲ ਦਾ ਸਾਹਮਣਾ ਕੀਤਾ, ਉਥੇ ਟਿੱਪਰਾਂ ਦੀ ਆਵਾਜਾਈ ਜਾਰੀ ਰਹਿਣ ਨਾਲ ਹਾਲਾਤ ਹੋਰ ਵੀ ਬਦਤਰ ਨਜ਼ਰ ਆਏ। ਕੁਝ ਹਫਤੇ ਪਹਿਲਾ ਟਿੱਪਰਾਂ ਦੇ ਮਾਮਲੇ 'ਚ ਪੁਲਿਸ ਪ੍ਰਸ਼ਾਸਨ ਨੂੰ ਮੰਗ ਪੱਤਰ ਦੇ ਚੁੱਕੇ ਕਾਮਰੇਡ ਦਰਸ਼ਨ ਸਿੰਘ ਮੱਟੂ ਨੇ ਕਿਹਾ ਕਿ ਅਗਰ ਪ੍ਰਸ਼ਾਸਨ ਨੇ ਟਿੱਪਰਾਂ ਨੂੰ ਦਿਨ ਵੇਲੇ ਬੰਦ ਨਾ ਕੀਤਾ ਤਾਂ ਅਸੀਂ ਖੁੱਦ ਟਿੱਪਰਾਂ ਨੂੰ ਬੰਦ ਕਰਵਾਇਆ ਜਾਵੇਗਾ।

# ਗੁਜਰਾਤ ਗੈਸ ਕੰਪਨੀ ਵਲੋਂ ਗੈਸ ਪਾਈਪ-ਲਾਈਨ ਸੰਬੰਧੀ ਜਾਣਕਾਰੀ ਦੇਣ ਲਈ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ

ਹੁਸ਼ਿਆਰਪੁਰ, 27 ਨਵੰਬਰ (ਬਲਜਿੰਦਰਪਾਲ ਸਿੰਘ)-ਗੁਜਰਾਤ ਗੈਸ ਕੰਪਨੀ ਲਿਮ: ਵਲੋਂ ਹੁਸ਼ਿਆਰਪੁਰ ਵਿਖੇ ਪੰਜਾਬ 'ਚ ਬਿਛਾਈ ਪਾਈਪ-ਲਾਈਨ ਸਬੰਧੀ ਜਾਣਕਾਰੀ ਦੇਣ ਲਈ ਵੱਖ-ਵੱਖ ਵਿਭਾਗਾਂ ਨਗਰ ਨਿਗਮ, ਲੋਕ ਨਿਰਮਾਣ ਵਿਭਾਗ, ਫਾਇਰਬ੍ਰਿਗੇਡ ਵਿਭਾਗ, ਪਾਵਰਕਾਮ, ਬੀ.ਐਸ.ਐਨ.ਐਲ., ਮੰਡੀ ਬੋਰਡ, ਜਲ ਬੋਰਡ ਤੇ ਸੀਵਰੇਜ ਆਦਿ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਜਿਸ 'ਚ ਹੁਸ਼ਿਆਰਪੁਰ ਤੇ ਗੁਰਦਾਸਪੁਰ ਖੇਤਰ ਦੇ ਪ੍ਰਮੁੱਖ ਅਧਿਕਾਰੀਆਂ ਨੇ ਭਾਗ ਲਿਆ। ਇਸ ਮੌਕੇ ਬੋਲਦਿਆਂ ਚੰਦਰਕਾਂਤ ਵਾਲਾ, ਰਜੀਵ ਸਿਨ੍ਹਾ, ਤੌਸੀਫ਼ ਖ਼ਾਨ, ਸਾਂਤਾਨੂ ਸ਼ਰਮਾ ਨੇ ਦੱਸਿਆ ਕਿ ਕੰਪਨੀ ਵਲੋਂ ਹੁਸ਼ਿਆਰਪੁਰ ਜ਼ਿਲ੍ਹੇ 'ਚ ਕਰੀਬ 400 ਕਿੱਲੋਮੀਟਰ ਤੋਂ ਵੱਧ ਗੈਸ ਪਾਈਪ-ਲਾਈਨ ਬਿਛਾਈ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਰਕਾਰੀ ਜਾਂ ਨਿੱਜੀ ਸੰਸਥਾ ਜ਼ਿਲ੍ਹੇ 'ਚ ਆਪਣੀ ਪਾਈਪ-ਲਾਈਨ ਬਿਛਾਉਣ ਨਾਲ ਸਬੰਧਿਤ ਕੋਈ ਕੰਮ ਸ਼ੁਰੂ ਕਰਨਾ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਆਰਥਿਕ ਨੁਕਸਾਨ ਤੋਂ ਬਚਣ ਲਈ ਪਹਿਲਾਂ ਗੁਜਰਾਤ ਗੈਸ ਕੰਪਨੀ ਲਿਮ: ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਤੋਂ ਇਲਾਵਾ ਪਿੰਡ ਬਜਵਾੜਾ, ਸ਼ੇਰਗੜ੍ਹ, ਉੜਮੁੜ-ਟਾਂਡਾ ਦੇ ਅਨੇਕਾਂ ਘਰਾਂ 'ਚ ਕੰਪਨੀ ਵਲੋਂ ਗੈਸ ਚਾਲੂ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਵਪਾਰਕ ਅਤੇ ਉਦਯੋਗਿਕ ਕੁਨੈਕਸ਼ਨ ਵੀ ਚੱਲ ਰਹੇ ਹਨ, ਜਿਨ੍ਹਾਂ ਦਾ ਲੋਕਾਂ ਨੂੰ ਭਰਪੂਰ ਲਾਭ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੰਪਨੀ ਵਲੋਂ ਗੈਸ ਦੇ ਰੱਖ-ਰਖਾਅ ਲਈ ਹੁਸ਼ਿਆਰਪੁਰ ਅਤੇ ਦਸੂਹਾ 'ਚ 24 ਘੰਟੇ ਟੀਮ ਤਾਇਨਾਤ ਰਹਿੰਦੀ ਹੈ ਅਤੇ ਕਿਸੇ ਵੀ ਐਮਰਜੈਂਸੀ ਸਥਿਤੀ 'ਚ ਤੁਰੰਤ ਕਾਰਵਾਈ ਕਰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਕੰਪਨੀ ਦੇ ਕਰਿੰਦਿਆਂ ਵਲੋਂ ਰੋਜ਼ਾਨਾ ਗਸ਼ਤ ਵੀ ਕੀਤੀ ਜਾਂਦੀ ਹੈ ਤਾਂ ਜੋ ਸਾਰੇ ਹਾਲਾਤ 'ਤੇ ਨਜ਼ਰ ਰੱਖੀ ਜਾ ਸਕੇ।



ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਗੁਜਰਾਤ ਗੈਸ ਕੰਪਨੀ ਦੇ ਅਧਿਕਾਰੀ। ਤਸਵੀਰ : ਹਮਸ਼ਾਇਨ ਸਟੂਡੀਓ



ਇੰਪਲਾਇਜ਼ ਜੁਆਇੰਟ ਫੋਰਮ ਬਿਜਲੀ ਮੁਲਾਜ਼ਮ ਏਕਤਾ ਮੰਚ ਅਤੇ ਪੈਨਸ਼ਨਰ ਕਿਸਾਨ ਜਥੇਬੰਦੀਆਂ ਦੇ ਆਗੂ ਸ਼ਾਮਚੁਰਾਸੀ ਵਿਖੇ ਰੋਸ ਰੈਲੀ ਦੌਰਾਨ ਨਾਅਰੇਬਾਜ਼ੀ ਕਰਦੇ ਹੋਏ। ਤਸਵੀਰ : ਗੁਰਮੀਤ ਸਿੰਘ ਖ਼ਾਨਪੁਰੀ

# ਇੰਪਲਾਇਜ਼ ਜੁਆਇੰਟ ਫੋਰਮ ਬਿਜਲੀ ਮੁਲਾਜ਼ਮ ਏਕਤਾ ਮੰਚ ਵਲੋਂ ਸ਼ਾਮਚੁਰਾਸੀ ਵਿਖੇ ਰੋਸ ਰੈਲੀ

ਸ਼ਾਮਚੁਰਾਸੀ, 27 ਨਵੰਬਰ (ਗੁਰਮੀਤ ਸਿੰਘ ਖ਼ਾਨਪੁਰੀ)-ਇੰਪਲਾਇਜ ਜੁਆਇੰਟ ਫੋਰਮ ਬਿਜਲੀ ਮੁਲਾਜ਼ਮ ਏਕਤਾ ਮੰਚ ਅਤੇ ਪੈਨਸ਼ਨਰ ਕਿਸਾਨ ਜਥੇਬੰਦੀਆਂ ਵਲੋਂ ਕੀਤੇ ਜਾ ਰਹੇ ਬਿਜਲੀ ਸੋਧ ਐਕਟ 2025 ਦੇ ਵਿਰੋਧ ਸਬੰਧੀ ਸਬ-ਡਵੀਜਨ ਸ਼ਾਮਚੁਰਾਸੀ ਵਿਚ ਸਬ-ਡਵੀਜਨ ਪ੍ਰਧਾਨ ਟੀ.ਐਸ.ਯੂ. ਰਜਨੀਸ਼ ਕੁਮਾਰ ਜੇ.ਈ. ਦੀ ਪ੍ਰਧਾਨਗੀ ਵਿਚ ਰੋਸ ਰੈਲੀ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਉਤਰੀ ਜੋਨ ਪ੍ਰਧਾਨ ਟੀ.ਐਸ.ਯੂ. ਨਿਰਮਲ ਸਿੰਘ ਜੇ.ਈ. ਅਤੇ ਸਰਕਲ ਪ੍ਰਧਾਨ ਟੀ.ਐਸ.ਯੂ. ਨਛੱਤਰ ਸਿੰਘ ਜੇ.ਈ. ਵਲੋਂ ਬਿਜਲੀ ਸੋਧ ਐਕਟ 2025 ਦੀਆਂ ਮਾਰੂ ਨੀਤੀਆਂ ਸਬੰਧੀ ਜਾਣੂ ਕਰਵਾਇਆ ਗਿਆ ਕਿ ਇਹ ਬਿਜਲੀ ਸੋਧ ਐਕਟ 2025 ਆਮ ਲੋਕਾਂ ਕਿਸਾਨਾਂ ਅਤੇ ਕੱਚੇ/ਪੱਕੇ ਮੁਲਾਜ਼ਮਾਂ ਲਈ ਕਿੰਨਾ ਘਾਤਕ ਹੋਵੇਗਾ। ਰੋਸ ਵਜੋਂ ਚਾਰ ਲੇਬਰ ਕੋਰਟ ਬਿੱਲ ਅਤੇ ਬਿਜਲੀ ਸੋਧ ਐਕਟ 2025 ਦੇ ਲੋਕ ਵਿਰੋਧੀ ਖਰੜੇ ਦੀਆ ਕਾਪੀਆਂ ਸਾੜੀਆਂ ਗਈਆਂ ਇਸ ਮੌਕੇ ਰੋਸ ਰੈਲੀ ਵਿਚ ਸੁਰਜੀਤ ਸਿੰਘ ਫੋਰਮੈਨ, ਦਿਲਬਾਗ ਸਿੰਘ, ਸੁਸ਼ੀਲ ਕੁਮਾਰ, ਗੁਰਮੁਖ ਸਿੰਘ, ਦੀਪਕ ਕੁਮਾਰ, ਹਰਵਿੰਦਰ ਸਿੰਘ ਧਾਮੀ, ਅਜੇ ਕੁਮਾਰ, ਪ੍ਰਵੀਨ ਕੁਮਾਰ, ਸੰਤੋਖ ਸਿੰਘ, ਬਲਵਿੰਦਰ ਸਿੰਘ, ਜਰਨੈਲ ਸਿੰਘ, ਕੁਲਦੀਪ ਸਿੰਘ ਬੀਰਬਲ, ਦਵਿੰਦਰ ਸਿੰਘ ਵੀ ਸ਼ਾਮਿਲ ਸਨ।

# ਵਾਰਡ ਨੰ: 28 ਦੀਆਂ ਸਮੱਸਿਆਵਾਂ ਸੰਬੰਧੀ ਮੇਅਰ ਤੇ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

ਹੁਸ਼ਿਆਰਪੁਰ, 27 ਨਵੰਬਰ (ਬਲਜਿੰਦਰਪਾਲ ਸਿੰਘ)-ਸਥਾਨਕ ਵਾਰਡ ਨੰ: 28 ਦੀਆਂ ਸਮੱਸਿਆਵਾਂ ਸਬੰਧੀ ਮੁਹੱਲਾ ਵਾਸੀਆਂ ਵਲੋਂ ਕੌਂਸਲਰ ਜਸਵਿੰਦਰ ਪਾਲ ਦੀ ਅਗਵਾਈ 'ਚ ਨਗਰ ਨਿਗਮ ਦੇ ਮੇਅਰ ਤੇ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ। ਮੇਅਰ ਤੇ ਕਮਿਸ਼ਨਰ ਦੀ ਗੈਰ ਮੌਜੂਦਗੀ 'ਚ ਇਹ ਮੰਗ ਪੱਤਰ ਨਿਗਮ ਦੇ ਐਸ.ਈ. ਸਤੀਸ਼ ਕੁਮਾਰ ਸੈਣੀ ਤੇ ਐਕਸੀਅਨ ਹਰਪ੍ਰੀਤ ਸਿੰਘ ਵਲੋਂ ਪ੍ਰਾਪਤ ਕੀਤਾ ਗਿਆ। ਇਸ ਮੌਕੇ ਕੌਂਸਲਰ ਜਸਵਿੰਦਰ ਪਾਲ ਤੇ ਵਾਰਡ ਵਾਸੀਆਂ ਨੇ ਮੰਗ ਕੀਤੀ ਕਿ ਮਾਊਂਟ ਐਵੀਨਿਊ 'ਚ ਪਿਛਲੇ 10 ਦਿਨਾਂ ਤੋਂ ਮਿੱਟੀ ਵਾਲਾ ਆ ਰਹੇ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ, ਵਾਰਡ ਦੀਆਂ ਟੁੱਟੀਆਂ ਸੜਕਾਂ ਦੀ ਹਾਲਤ ਤੁਰੰਤ ਸੁਧਾਰੀ ਜਾਵੇ, ਮੁਹੱਲਾ ਰਹੀਮਪੁਰ ਤੇ ਮੁਹੱਲਾ ਸੰਤੋਖ ਨਗਰ ਦੀਆ ਗੋਲੀਆਂ ਦਾ ਕੰਮ ਸ਼ੁਰੂ ਕਰਵਾਇਆ ਜਾਵੇ, ਵਾਰਡ 'ਚ ਨਵੀਆਂ ਲਾਈਟਾਂ ਲਗਾਈਆਂ ਅਤੇ ਨਵੇਂ ਬੈਂਚ ਲਗਾਏ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵੀ ਗੁਪਤਾ ਪ੍ਰਧਾਨ ਮਾਊਂਟ ਐਵੀਨਿਊ ਵੈੱਲਫੇਅਰ ਕਮੇਟੀ, ਪੰਡਿਤ ਉਂਕਾਰ ਨਾਥ, ਐਡਵੋਕੇਟ ਵਿਪਨ, ਮਨੋਹਰ ਲਾਲ, ਗੁਰਦਿਆਲ ਸਿੰਘ, ਰਜਿੰਦਰ ਸਿੰਘ, ਰਾਕੇਸ਼ ਅਗਰਵਾਲ, ਉਪਿੰਦਰ ਸਿੰਘ ਖਾਂਬਾ, ਜਰਨੈਲ ਸਿੰਘ ਆਦਿ ਹਾਜ਼ਰ ਸਨ।



ਵਾਰਡ ਨੰ: 28 ਦੀਆਂ ਸਮੱਸਿਆਵਾਂ ਸੰਬੰਧੀ ਐਸ. ਈ. ਸਤੀਸ਼ ਕੁਮਾਰ ਸੈਣੀ ਤੇ ਐਕਸੀਅਨ ਹਰਪ੍ਰੀਤ ਸਿੰਘ ਨੂੰ ਮੰਗ ਪੱਤਰ ਦਿੰਦੇ ਹੋਏ ਕੌਂਸਲਰ ਜਸਵਿੰਦਰ ਪਾਲ, ਰਵੀ ਗੁਪਤਾ, ਪੰਡਿਤ ਉਂਕਾਰ ਨਾਥ ਤੇ ਹੋਰ। ਤਸਵੀਰ : ਹਮਸ਼ਾਇਨ ਸਟੂਡੀਓ

## ਨਾਬਾਲਗਾ ਨਾਲ ਸਰੀਰਕ ਸੰਬੰਧ ਬਣਾਉਣ ਵਾਲਾ ਕਾਬੂ

ਮਾਹਿਲਪੁਰ, 27 ਨਵੰਬਰ (ਰਜਿੰਦਰ ਸਿੰਘ)-ਥਾਣਾ ਮਾਹਿਲਪੁਰ ਦੀ ਪੁਲਿਸ ਨੇ ਨਾਬਾਲਗਾ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਸਰੀਰਕ ਸੰਬੰਧ ਬਣਾਉਣ ਵਾਲੇ ਵਿਅਕਤੀ ਨੂੰ ਕਾਬੂ ਕਰਕੇ ਅਗਲੀ ਕਾਰਵਾਈ ਸ਼ੁਰੂ ਦਿੱਤੀ ਹੈ। ਜਾਣਕਾਰੀ ਅਨੁਸਾਰ ਥਾਣਾ ਮੁਖੀ ਜੈ ਪਾਲ ਨੇ ਦੱਸਿਆ ਕਿ ਪਿੰਡ ਪੱਦੀ ਸੂਰਾ ਸਿੰਘ ਦੇ ਇਕ ਵਾਸੀ ਨੇ ਥਾਣਾ ਮਾਹਿਲਪੁਰ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਉਸ ਦੀ ਵੱਡੀ ਨਾਬਾਲਗ ਲੜਕੀ, ਜੋ 8ਵੀਂ ਕਲਾਸ ਵਿਚ ਪੜ੍ਹਦੀ ਹੈ। ਉਸ ਨੇ ਦੱਸਿਆ ਕਿ ਮਿਤੀ 18-11-2025 ਨੂੰ ਵਕਤ ਕਰੀਬ 2 ਵਜੇ ਰਾਤ ਲਖਵੀਰ ਰਾਮ ਪੁੱਤਰ ਚਰਨਜੀਤ ਵਾਸੀ ਚੋਹੜਾ ਥਾਣਾ ਗੜ੍ਹਸ਼ੰਕਰ ਉਸ ਦੀ ਲੜਕੀ ਨੂੰ ਆਪਣੇ ਨਾਲ ਵਿਆਹ ਦਾ ਝਾਂਸਾ ਦੇ ਕੇ ਆਪਣੇ ਪਿੰਡ ਚੋਹੜਾ ਲੈ ਗਿਆ ਸੀ ਉਸ ਨੇ ਉਸ ਦੀ ਲੜਕੀ ਨਾਲ ਉਸ ਨਾਲ ਸਰੀਰਕ ਸੰਬੰਧ ਬਣਾਏ। ਜਿਸ 'ਤੇ ਦੋਸ਼ੀ ਖ਼ਿਲਾਫ਼ ਮੁਕੱਦਮਾ ਦਰਜ ਕੀਤਾ।


## 'ਅਜੀਤ' ਉਪ ਦਫ਼ਤਰਾਂ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰਾਂ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

**ਹੁਸ਼ਿਆਰਪੁਰ**

| | |
|---|---|
| ਸ. ਬਲਜਿੰਦਰਪਾਲ ਸਿੰਘ | |
| ਦੂਜੀ ਮੰਜ਼ਿਲ, ਬਡਵਾਲ ਪਲਾਜ਼ਾ | 98145-41304 |
| ਨਜ਼ਦੀਕ ਬੱਸ ਸਟੈਂਡ, ਸਾਹਮਣੇ | 01882-256375 |
| ਨੰਦਾ ਨਰਸਿੰਗ ਹੋਮ | 500375 |

**ਮੁਕੇਰੀਆਂ**

| | |
|---|---|
| ਸ. ਐਨ.ਐਸ. ਰਾਮਗੜ੍ਹੀਆ | 98721-14921 |
| ਪਹਿਲੀ ਮੰਜ਼ਿਲ, ਮੰਗਲ ਮਾਰਕੀਟ | 01883-246563 |
| ਨਜ਼ਦੀਕ ਮਾਤਾ ਰਾਣੀ ਚੌਕ, ਤਲਵਾੜਾ ਰੋਡ | |


# ਸੰਯੁਕਤ ਕਿਸਾਨ ਮੋਰਚਾ (ਗ਼ੈਰ ਰਾਜਨੀਤਿਕ) ਵਲੋਂ ਸ਼ੂਗਰ ਮਿੱਲ ਸਾਹਮਣੇ ਚੱਕਾ ਜਾਮ

## • ਖੰਡ ਮਿੱਲਾਂ ਨਾ ਚਲਾਉਣ ਖ਼ਿਲਾਫ਼ ਕਿਸਾਨਾਂ 'ਚ ਭਾਰੀ ਰੋਸ

ਐਮਾਂ ਮਾਂਗਟ, 27 ਨਵੰਬਰ (ਗੁਰਾਇਆ)- ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਵਲੋਂ ਪਿਛਲੇ ਦਿਨੀਂ ਗੰਨਾ ਮਿੱਲਾਂ ਨਾ ਚੱਲਣ ਕਰਕੇ ਖੰਡ ਮਿੱਲ ਮੂਹਰੇ ਚੱਕਾ ਜਾਮ ਕੀਤਾ ਗਿਆ। ਸਰਕਾਰ ਵਲੋਂ ਸਮੇਂ ਸਿਰ ਮਿੱਲਾਂ ਚਲਾਉਣ ਵਿਚ ਕੀਤੀ ਗਈ ਦੇਰੀ ਕਾਰਨ ਕਿਸਾਨਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਅੱਜ ਭਾਰੀ ਗਿਣਤੀ ਵਿਚ ਕਿਸਾਨਾਂ ਨੇ ਗੰਨਾ ਮਿੱਲ ਦੇ ਸਾਹਮਣੇ ਜ਼ੋਰਦਾਰ ਧਰਨਾ ਪ੍ਰਦਰਸ਼ਨ ਕੀਤਾ ਅਤੇ ਇਸ ਧਰਨੇ ਪ੍ਰਦਰਸ਼ਨ ਨੂੰ ਲਗਾਤਾਰ ਚਲਾਉਣ ਦੀ ਗੱਲ ਕੀਤੀ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਸਰਕਾਰ ਵਲੋਂ ਕੀਤੇ ਗਏ ਨੋਟੀਫ਼ਿਕੇਸ਼ਨ ਅਨੁਸਾਰ 25 ਤਾਰੀਖ਼ ਨੂੰ ਮਿੱਲਾਂ ਚਲਾਉਣ ਦਾ ਐਲਾਨ ਕੀਤਾ ਗਿਆ ਸੀ, ਪਰ ਕਿਸਾਨਾਂ ਤੱਕ ਅਤੇ ਮਿੱਲਾਂ ਕੋਲ ਇਹ ਨੋਟੀਫ਼ਿਕੇਸ਼ਨ 26 ਨਵੰਬਰ ਤੱਕ ਸ਼ਾਮ ਤੱਕ ਪਹੁੰਚਿਆ। 27 ਤਾਰੀਖ਼ ਤੱਕ ਪੰਜਾਬ ਦੀ ਕਿਸੇ ਮਿੱਲ ਦੇ ਵੱਲੋਂ ਵੀ ਗੰਨਾ ਲਿਆਉਣ ਲਈ ਪਰਚੀ ਦੀ ਸਪਲਾਈ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਸਰਕਾਰ ਵੱਲੋਂ ਕੀਤੇ ਧੋਖੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਮੌਕੇ ਬੋਲਦਿਆਂ ਭਾਰਤੀ ਕਿਸਾਨ ਯੂਨੀਅਨ ਆਜ਼ਾਦ ਦੇ ਸੂਬਾ ਪ੍ਰਧਾਨ ਅਮਰਜੀਤ ਸਿੰਘ ਰੜਾ ਨੇ ਕਿਹਾ ਕਿ ਜੇਕਰ ਸਰਕਾਰ ਨੇ ਸਾਡੀ ਮਿੱਲ ਚਲਾਉਣ ਦੀ ਮੰਗ ਅਤੇ ਇਕ ਪਰਚੀ ਤੇ ਇੱਕੋ ਸਮੇਂ ਕਾਊਂਟਰ ਪੇਮੈਂਟ ਦੇਣ ਦੀ ਗੱਲ ਨੂੰ ਨਾ ਸਵੀਕਾਰ ਕੀਤਾ ਤਾਂ ਇਹ ਧਰਨਾ ਲਗਾਤਾਰ ਜਾਰੀ ਰਹੇਗਾ। ਆਉਣ ਵਾਲੇ ਦਿਨਾਂ ਵਿਚ ਜਲੰਧਰ ਪਠਾਨਕੋਟ ਹਾਈਵੇ ਪੂਰਨ ਤੌਰ 'ਤੇ ਬੰਦ ਕਰ ਦਿੱਤਾ ਜਾਵੇਗਾ। ਇਸ ਮੌਕੇ ਪਗੜੀ ਸੰਭਾਲ ਲਹਿਰ ਦੇ ਪ੍ਰਧਾਨ ਸਤਨਾਮ ਸਿੰਘ ਬਾਗੜੀਆਂ, ਬੀਕੇਯੂ ਸਿੱਧੂਪੁਰ ਤੋਂ ਯੂਥ ਵਿੰਗ ਦੇ ਪ੍ਰਧਾਨ ਗੁਰਜਿੰਦਰ ਸਿੰਘ ਜੱਗੀ, ਜਲੰਧਰ ਤੋਂ ਜ਼ਿਲਾ ਪ੍ਰਧਾਨ ਬਾਬਾ ਕੁਲਵਿੰਦਰ ਸਿੰਘ, ਕਿਸਾਨ ਵਿਲਫੇਰਸ ਕਮੇਟੀ ਕਿਸ਼ਨਗੜ੍ਹ ਦੇ ਪ੍ਰਧਾਨ ਹਰਸਲਿੰਦਰ ਸਿੰਘ, ਬੀਕੇਯੂ ਸਿਰਸਾ ਤੋਂ ਹਰਦੇਵ ਸਿੰਘ ਚਿੱਟੀ, ਲੋਕ ਇਨਸਾਫ਼ ਮੋਰਚਾ ਔਲਖ ਦੇ ਪ੍ਰਧਾਨ ਸੋਨੂੰ ਔਲਖ, ਗੰਨਾ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸੁਖਪਾਲ ਸਿੰਘ ਡੱਫਰ, ਬੀਕੇਯੂ ਉਗਰਾਹਾਂ ਦੇ ਜ਼ਿਲ ਾ ਪ੍ਰਧਾਨ ਠਾਕੁਰ ਦਲੀਪ ਸਿੰਘ, ਕਿਸਾਨ ਤੇ ਜਵਾਨ ਭਲਾਈ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਜੀਤ ਸਿੰਘ ਕਾਹਲੋਂ, ਜਗਦੀਸ਼ ਸਿੰਘ ਰਾਜਾ, ਹਰਦੀਪ ਸਿੰਘ ਭਾਗੜਾ, ਗੁਰਨਾਮ ਸਿੰਘ ਜਹਾਨਪੁਰ, ਸੁਖਦੇਵ ਸਿੰਘ ਚੀਮਾ, ਦਵਿੰਦਰ ਸਿੰਘ ਬਸਰਾ, ਸਤੀਸ਼ ਕੁਮਾਰ, ਕਿਸ਼ਨ ਕੁਮਾਰ, ਬਲਜੀਤ ਸਿੰਘ ਰੜਾ, ਬਲਜੀਤ ਸਿੰਘ ਤੱਗੜ, ਕੁਲਵਿੰਦਰ ਸਿੰਘ ਜਹਾਨਪੁਰ, ਦਲਜੀਤ ਸਿੰਘ ਬਾਗੜੀਆਂ, ਅਜੈਬ ਸਿੰਘ ਬੇਲਾ ਸਰਿਆਣਾ ਆਦਿ ਵੀ ਹਾਜ਼ਰ ਸਨ।



ਸ਼ੂਗਰ ਮਿੱਲ ਅੱਗੇ ਦਿੱਤੇ ਧਰਨੇ ਦੌਰਾਨ ਬੈਠੇ ਕਿਸਾਨ ਆਗੂ। ਤਸਵੀਰ : ਗੁਰਾਇਆ



ਦਿੱਲੀ ਧਰਨੇ 'ਚ ਸ਼ਮੂਲੀਅਤ ਕਰਨ ਮੌਕੇ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਪੀ.ਐੱਫ.) ਦੇ ਆਗੂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਾਉਣ ਲਈ ਨਾਅਰੇਬਾਜ਼ੀ ਕਰਦੇ ਹੋਏ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਨੇ ਦਿੱਲੀ ਧਰਨੇ 'ਚ ਕੀਤੀ ਸ਼ਮੂਲੀਅਤ

ਹੁਸ਼ਿਆਰਪੁਰ, 27 ਨਵੰਬਰ (ਨਰਿੰਦਰ ਸਿੰਘ ਬੱਡਲਾ)-ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ (ਪੀ.ਪੀ.ਪੀ.ਐੱਫ.) ਪੰਜਾਬ ਵਲੋਂ ਜੰਤਰ ਮੰਤਰ ਦਿੱਲੀ ਵਿਖੇ ਐਨ.ਪੀ.ਐਸ. ਮੁਲਾਜ਼ਮਾਂ ਦੀ ਪ੍ਰਮੁੱਖ ਮੰਗ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਰੋਸ ਧਰਨੇ ਵਿਚ ਸ਼ਮੂਲੀਅਤ ਕੀਤੀ ਗਈ। ਨੈਸ਼ਨਲ ਮਿਸ਼ਨ ਫ਼ਾਰ ਓਲਡ ਪੈਨਸ਼ਨ ਸਕੀਮ ਦੀ ਅਗਵਾਈ 'ਚ ਲੱਗੇ ਇਸ ਧਰਨੇ 'ਚ ਪੰਜਾਬ ਤੋਂ ਇਲਾਵਾ ਉੱਤਰ ਪ੍ਰਦੇਸ਼, ਉੱਤਰਾਖੰਡ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਗੁਜਰਾਤ, ਬਿਹਾਰ ਅਤੇ ਦਿੱਲੀ ਦੇ ਮੁਲਾਜ਼ਮਾਂ ਨੇ ਵੀ ਵੱਡੇ ਇਕੱਠ ਦੇ ਰੂਪ ਵਿਚ ਹਿੱਸਾ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫ਼ਰੰਟ ਦੇ ਜੋਨ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਜ਼ਿਲ੍ਹਾ ਕਨਵੀਨਰ ਮਨਜੀਤ ਸਿੰਘ ਦਸੂਹਾ, ਵਿੱਤ ਸਕੱਤਰ ਨੰਦ ਰਾਮ, ਡਾ. ਸੰਜੀਵ ਕਲਸੀ, ਰਾਕੇਸ਼ ਕੁਮਾਰ ਅਤੇ ਵਰਿੰਦਰ ਸੈਣੀ ਆਦਿ ਆਗੂਆਂ ਨੇ ਕਿਹਾ ਕਿ ਸਾਲ 2004 ਤੋਂ ਬਾਅਦ ਕੇਂਦਰ ਅਤੇ ਸੂਬਿਆਂ ਦੇ ਮੁਲਾਜ਼ਮਾਂ 'ਤੇ ਜਬਰੀ ਥੋਪੀ ਨਵੀਂ ਪੈਨਸ਼ਨ ਸਕੀਮ, ਜਿਸ ਨੂੰ ਬਾਜ਼ਾਰੂ ਜੋਖਮਾਂ ਆਧਾਰਿਤ ਸ਼ੇਅਰ ਮਾਰਕੀਟ ਨਾਲ ਜੋੜ ਦਿੱਤਾ ਗਿਆ ਹੈ, ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਵਾਲੀਆਂ ਸਾਮਰਾਜੀ ਨਿਰਦੇਸ਼ਤ ਨਵਉਦਾਰਵਾਦੀ ਨੀਤੀਆਂ ਦਾ ਹਿੱਸਾ ਹੈ। ਐਨ.ਪੀ.ਐੱਸ. ਮੁਲਾਜ਼ਮਾਂ ਨੂੰ ਨਵੀਂ ਪੈਨਸ਼ਨ ਸਕੀਮ ਅਧੀਨ ਸੇਵਾਮੁਕਤੀ ਉਪਰੰਤ ਮਾਣ ਸਨਮਾਨ ਵਾਲੀ ਬੱਝਵੀਂ ਪੈਨਸ਼ਨ ਮਿਲਣ ਦੀ ਬਜਾਏ ਉਨ੍ਹਾਂ ਦੀ ਸਾਲਾਂ ਬੱਧੀ ਕੀਤੀ ਕਿਰਤ ਅਤੇ ਬੱਚਤਾਂ ਦੀ ਆਰਥਿਕ ਤੇ ਸਮਾਜਿਕ ਲੁੱਟ ਕੀਤੀ ਜਾ ਰਹੀ ਹੈ। ਇਸ ਮੌਕੇ ਰਜਿੰਦਰ ਹੇਜਮਾਂ, ਜਸਮੀਤ ਸਿੰਘ ਮਠਾਰੂ, ਰਜਨੀਸ਼ ਮਨੀ ਕੱਤੋਵਾਲ, ਜਸਵਿੰਦਰ ਝਿੰਗੜ, ਅਸ਼ਨੀ ਕੁਮਾਰ, ਬਲਜੀਤ ਸਿੰਘ ਮਹਿਮੋਵਾਲ, ਬਲਕਾਰ ਸਿੰਘ ਪੁਰੀਕਾ, ਪ੍ਰਵੀਨ ਸ਼ੇਰਪੁਰ, ਜਰਨੈਲ ਡਘਾਮ ਅਤੇ ਰਮੇਸ਼ ਬੱਗਾ ਆਦਿ ਵੀ ਸ਼ਾਮਿਲ ਸਨ।


